*International Journal of Information Movement* *Vol. 7 Issue X* *(Feb 2023)*
*Website: www.ijim.in* *ISSN: 2456-0553 (online)* **Pages** **60-64**

# ਮਿੰਨੀ ਗਰੇਵਾਲ ਦੀਆਂ ਕਹਾਣੀਆਂ ਵਿਚ ਨਾਰੀਵਾਦ

**ਰਿਤੇਸ਼ ਸ਼ਰਮਾ**
ਰਿਸਰਚ ਸਕੋਲਰ,
ਪੰਜਾਬੀ ਵਿਭਾਗ,
ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ।
Email-id: attri90@gmail.com

**ਅਬਸਟ੍ਰੈਕਟ** : ਪ੍ਰਵਾਸੀ ਇਸਤਰੀ ਗਲਪਕਾਰਾਂ ਵਿੱਚ ਮਿੰਨੀ ਗਰੇਵਾਲ ਦਾ ਨਾਮ ਪ੍ਰਮੁੱਖ ਹੈ। ਲੇਖਕਾਂ ਨੇ ਸਮਾਜ ਸਭਿਆਚਾਰ ਵਿਚ ਔਰਤ ਦੀ ਪ੍ਰਾਪਤ ਸਥਿਤੀ ਦੇ ਵਿਰੋਧ ਵਿਚ ਨਾਰੀ ਹੱਕ ਦੇ ਸਮਰਥਨ ਵਿਚ ਆਵਾਜ਼ ਉਠਾਈ ਹੈ। ਅਤਿ ਵਿਕਸਿਤ ਆਧੁਨਿਕ ਸਮਾਜ ਵਿਚ ਪਹੁੰਚ ਕੇ ਵੀ ਪੰਜਾਬੀ ਮਰਦ ਪਿਛਾਂਹ ਖਿੱਚੂ ਜਗੀਰਦਾਰੀ ਕਦਰ੍ਾਂਕੀਮਤਾਂ ਦੀ ਰਹਿੰਦਖੂੰਹਦ ਨਾਲ ਚੁੱਕੀ ਫਿਰਦੇ ਆਪਣੇ ਮਨਸਿਕ ਵਿਚਾਰ ਨੂੰ ਵਿਉਂਤਦੇ ਦ੍ਰਿਸ਼ਟੀ ਗੋਚਰ ਹੁੰਦੇ ਹਨ। ਪੰਜਾਬੀ ਮਾਨਸਿਕਤਾ ਨੇ ਇਹ ਤਾਂ ਸਵੀਕਾਰ ਕਰ ਲਿਆ ਹੈ ਕਿ ਨਾਰੀ ਘਰ ਦੀ ਆਰਥਕਤਾ ਸੁਧਾਰਨ ਲਈ ਨੌਕਰੀ ਕਰੇ ਪਰ ਬਰਾਬਰ ਦੇ ਅਧਿਕਾਰ ਦੇਣਾ ਉਸ ਦੀ ਮਾਨਸਿਕ ਤਾ ਨੂੰ ਪ੍ਰਵਾਨ ਨਹੀਂ।

**ਮੁੱਖ ਸ਼ਬਦ** : ਨਾਰੀਵਾਦ, ਇਸਤਰੀ, ਪ੍ਰਾਪਤੀਆਂ, ਸੰਵੇਦਨਾਵਾਂ, ਬਹੁ ਸਭਿਆਚਾਰਕ ।

ਪਰਵਾਸੀ ਪੰਜਾਬੀ ਗਲਪ ਵਿੱਚ ਕੈਨੇਡੀਅਨ ਕਹਾਣੀ ਵਿਲੱਖਣ ਥਾਂ ਰੱਖਦੀ ਹੈ ਪਰਵਾਸੀ ਕਹਾਣੀਕਾਰਾਂ ਨੇ ਕੈਨੇਡਾ ਦੇ ਬਹੁ-ਸਭਿਆਚਾਰੀ ਸਰੋਕਾਰਾਂ ਨੂੰ ਕਹਾਣੀ ਵਿੱਚ ਨਿਰੂਪਤ ਕਰਨ ਦਾ ਜਤਨ ਕੀਤਾ ਹੈ। ਇਸਤਰੀ ਕਹਾਣੀਕਾਰਾਂ ਨੇ ਇਸਤਰੀ ਦੀਆਂ ਸੰਵੇਦਨਾਵਾਂ, ਪ੍ਰਾਪਤੀਆਂ, ਦੁਖਾਂ, ਤਕਲੀਫ਼ਾਂ, ਤਨਾਵਾਂ ਆਦਿ ਨੂੰ ਆਪਣੀਆਂ ਰਚਨਾਵਾਂ ਦਾ ਹਾਸਲ ਬਣਾਇਆ ਹੈ। ਨਾਰੀਵਾਦ ਦਾ ਸੰਬੰਧ ਜ਼ਿਆਦਾਤਰ ਔਰਤਾਂ ਨਾਲ ਹੀ ਜੋੜਿਆ ਜਾਂਦਾ ਹੈ ਕਿਉਂਕਿ ਨਾਰੀਵਾਦ ਔਰਤ ਦੀ ਪਛਾਣ, ਹੋਂਦ ਅਤੇ ਹੱਕਾਂ ਨਾਲ ਸੰਬੰਧਿਤ ਸਿਧਾਂਤਕਾਰੀ ਹੈ। ਨਾਰੀਵਾਦ ਦੀ ਸਿਧਾਂਤਕਾਰੀ ਅਤੇ ਲਹਿਰਾਂ ਵਿਚ ਵੀ ਔਰਤ ਦਾ ਹੀ ਵਧੇਰੇ ਯੋਗਦਾਨ ਹੋਣ ਕਰਕੇ ਨਾਰੀਵਾਦ ਦਾ ਪੁਰਸ਼ਾਂ ਨਾਲ ਸੰਬੰਧ ਅਕਸਰ ਹੀ ਅਣਗੌਲਿਆ ਕਰ ਦਿੱਤਾ ਜਾਂਦਾ। ਖੋਜ ਪੱਤਰ ਦੀ ਸੀਮਾ ਨੂੰ ਸਾਹਮਣੇ ਰੱਖਦੇ ਹੋਏ ਅਸੀਂ ਕਨੇਡੀਅਨ ਇਸਤਰੀ ਕਹਾਣੀਕਾਰ ਮਿਨੀ ਗਰੇਵਾਲ ਦੀ ਚੋਣ ਕੀਤੀ।

ਕੈਨੇਡਾ ਦੇ ਇਸਤਰੀ ਗਲਪਕਾਰਾਂ ਵਿਚ ਇਕ ਨਾਮ ਮਿੰਨੀ ਗਰੇਵਾਲ ਦਾ ਵੀ ਹੈ। ਹੁਣ ਤੱਕ ਉਸ ਨੇ ਤਿੰਨ ਕਹਾਣੀ- ਸੰਗ੍ਰਹਿ ਕੈਕਟਸ ਦੇ ਫੁੱਲ ਤੇ ਹੋਰ ਕਹਾਣੀਆਂ(1973), ਚਾਂਦੀ ਦਾ ਗੇਟ (ਮਿਤੀਹੀਨ), ਫ਼ਾਨੂਸ (2005)ਪੰਜਾਬੀ ਸਾਹਿਤ ਨੂੰ ਦਿੱਤੇ

ਹਨ। ਇਹਨਾਂ ਵਿੱਚੋਂ ਵਧੇਰੇ ਕਹਾਣੀਆਂ ਦਾ ਵਾਪਰਨ ਸਥਾਨ ਮੁੰਬਈ ਹੈ ਨਾਰੀਵਾਦੀ ਪਰਭੇਖ ਤੋਂ ਇਹਨਾਂ ਦਾ ਅਧਿਐਨ ਲੇਖਕਾ ਦੀ ਨਾਰੀ ਤੇ ਨਾਰੀਵਾਦ ਪ੍ਰਤੀ ਪਹੁੰਚ ਸਪਸ਼ਟ ਕਰਨ ਵਿੱਚ ਮਦਦਗਾਰ ਹੋਵੇਗਾ। ਇਹ ਕਹਾਣੀਆਂ ਮੁੱਖ ਤੌਰ 'ਤੇ ਮਰਦ ਪ੍ਰਧਾਨ ਸਮਾਜ ਵਿਚ, ਇਕੱਲੀਆਂ ਨਾਰੀਆਂ ਨਾਲ ਵਾਪਰਦੇ ਦੁਖਾਂਤ ਦੀ ਪੇਸ਼ਕਾਰੀ ਕਰਦੀਆਂ ਹਨ। ਇਹ ਨਾਰੀਆਂ ਜਾਂ ਤਾਂ ਵਿਆਹੀਆਂ ਨਹੀਂ ਗਈਆਂ, ਜੇ ਵਿਆਹੀਆਂ ਗਈਆਂ ਤਾਂ ਇਹ ਰਿਸ਼ਤਾ ਨਿਭ ਨਹੀਂ ਸਕਿਆ, ਤਲਾਕ ਹੋ ਗਿਆ, ਇਸ ਕਾਰਨ ਦੁੱਖੀ ਹਨ ਜਾਂ ਪਤੀ ਦੇ ਬੇਵਕਤ ਮੌਤ ਨੇ, ਇਨ੍ਹਾਂ ਨੂੰ ਕਈ ਤਰ੍ਹਾਂ ਦੇ ਤਨਾਵਾਂ ਤੇ ਕਸ਼ਟਾਂ ਨਾਲ ਜੋੜ ਦਿੱਤਾ ਹੈ। ਮਰਦ ਕੇਂਦਰਿਤ ਸਮਾਜਕ ਪਰੰਪਰਾਵਾਂ ਤੇ ਰਸਮਾਂ-ਰੀਵਾਜਾ ਇਨ੍ਹਾਂ ਦੀ ਹੋਂਦ ਨੂੰ ਦਬਾਉਣਾ, ਛੋਟਾ ਜਾਂ ਖ਼ਤਮ ਕਰ ਦੇਣਾ ਚਾਹੁੰਦੇ ਹਨ। ਲੇਖਕਾਂ ਇਨ੍ਹਾਂ ਦੁਖਾਂਤ ਪ੍ਰਸਥਿਤੀਆਂ ਦੀ ਭਾਵੁਕ ਤਰੀਕੇ ਨਾਲ ਤਰਜਮਾਨੀ ਕਰਦੀ ਹੈ।

ਕਹਾਣੀ ਦੋ ਤਸਵੀਰਾਂ, ਇਕ ਫਰੇਮ ਅਜਿਹੀ ਨਾਰੀ ਰੇਸ਼ਮਾ ਨੂੰ ਕੇਂਦਰ ਵਿਚ ਰੱਖ ਕੇ, ਉਸਾਰੀ ਗਈ ਹੈ ਜੋ ਨਾ ਪ੍ਰੇਮੀ ਦਾ ਪਿਆਰ ਹਾਸਲ ਕਰ ਸਕੀ ਅਤੇ ਨਾ ਹੀ ਪਤੀ ਦਾ ਸਾਥ। ਪ੍ਰੇਮੀ ਪਤੀ ਕਰਕੇ ਉਸ ਦਾ ਸਾਥ ਛੱਡ ਜਾਂਦਾ ਹੈ ਤੇ ਪਤੀ ਬੇਵਫਾ ਕਹਿ ਕੇ ਠੁਕਰਾ ਦਿੰਦਾ ਹੈ। ਅੰਤ ਨਾਰੀ ਇਕੱਲੀ ਰਹਿ ਜਾਂਦੀ ਹੈ। ਕਹਾਣੀ ਦੀ ਪੇਸ਼ਕਾਰੀ ਜਿਸ ਢੰਗ ਨਾਲ ਕੀਤੀ ਗਈ ਹੈ, ਕਹਾਣੀ ਵਿੱਚ ਅਸਪੱਸ਼ਟਤਾ ਬਹੁਤ ਹੈ। ਲੇਖਕਾਂ ਪ੍ਰੇਮੀ ਵੱਲੋਂ ਰੇਸਮਾ ਨੂੰ ਛੱਡ ਦੇਣ ਦਾ ਕੋਈ ਤਾਰਕਿਕ, ਸਮਾਜਕ ਜਾ ਨਿੱਜੀ ਆਧਾਰ ਪੇਸ਼ ਨਹੀਂ ਕਰਦੀ। ਲੇਖਕਾ ਨੇ ਕੇਵਲ ਰੇਸ਼ਮਾ ਦੀ ਜ਼ੁਬਾਨੀ ਹੀ, ਉਸਦਾ ਦੁਖ ਦਰਦ ਪੇਸ਼ ਕੀਤਾ ਹੈ, ਦੂਜੀ ਧੀਰਕ ਖਾਮੋਸ਼ ਹੈ ਕਹਾਣੀ ਹੇਠ ਲਿਖੇ ਵਾਕ ਕਹਾਣੀ ਵਿਚਲੀ ਅਸਪਸ਼ਟਤਾ ਦੀ ਉਦਾਹਰਣ ਪੇਸ਼ ਕਰਦੇ ਹਨ:

ਜੀਅ ਤਾਂ ਚਾਹੁੰਦਾ ਸੀ– ਮਹਿਬੂਬ ਨੂੰ ਪੁੱਛਾਂ– ਮੁਹੱਬਤ ਦੀ ਆਹੁਤੀ, ਜਵਾਨ ਰਾਤਾਂ, ਧੜਕਦੀਆਂ ਉਮੰਗਾਂ ਅਤੇ ਅਧੂਰੇ ਸੁਪਨਿਆਂ ਦੀ ਕੁਰਬਾਨੀ ਦਾ ਹੀ ਹੋਇਆ ਹੈ? ਪਰ ਉਹਨੂੰ ਕੀ ਕਹਾਂ? ਜਿਸ ਨੂੰ ਅੱਜ ਤੱਕ ਮੇਰਾ ਦਿਲ ਕੁਝ ਨਹੀਂ ਕਹਿ ਸਕਿਆ।"[1] ਕਹਾਣੀ ਕਾਕਰੋਚ ਦੰਪਤੀ ਸ਼ੀਲਾ ਅਤੇ ਰਮੇਸ਼ ਦੀ ਕਹਾਣੀ ਹੈ, ਜੋ ਕੁਝ ਸਮੇਂ ਤੋਂ ਵੱਖ-ਵੱਖ ਰਹਿ ਰਹੇ ਹਨ। ਕਹਾਣੀ ਸ਼ੀਲਾ ਦਾ ਪੱਖ ਹੀ ਪ੍ਰਸਤੁਤ ਕਰਦੀ ਹੈ :

ਸ਼ੀਲਾ ਨੂੰ ਰਮੇਸ਼ ਦਾ ਇੰਜ ਖ਼ਾਮੋਸ਼ ਰਹਿਣਾ ਵੀ ਬੁਰਾ ਲੱਗਿਆ। ਉਹ ਸੋਚਦੀ ਸੀ, ਨਹੀਂ, ਚਾਹੁੰਦੀ ਸੀ ਕੀ ਕਦੇ ਤਾਂ ਰਮੇਸ਼ ਆਪਣੀ ਗੱਲ ਮਨਾਉਣ ਦੀ ਕੋਸ਼ਿਸ਼ ਕਰੇ, ਕਦੇ ਤਾਂ ਆਪਣੇ ਵਿਚਾਰਾਂ ਨੂੰ ਉਸ ਦੇ ਵਿਚਾਰਾਂ ਉੱਪਰ ਹਾਵੀ ਕਰੇ। ਪਰ ਇਹ ਕੁਝ ਹੋਇਆ ਨਾ। ਔਰਤ ਦੀ ਖ਼ਾਹਿਸ਼ ਮਨ ਵਿਚ ਹੀ ਸਿਸਕ ਕੇ ਰਹਿ ਗਈ ਤੇ ਦੂਸਰੇ ਦਿਨ ਸ਼ੀਲਾ ਰਮੇਸ਼ ਤੋਂ ਵੱਖ ਹੋ ਗਈ।"[2]

ਨਾਰੀਵਾਦੀ ਪਰਿਪੇਖ ਤੋਂ ਮਿੰਨੀ ਗਰੇਵਾਲ ਦੀ ਕਹਾਣੀ ਜਾਇਦਾਦ ਜ਼ਰੂਰ ਧਿਆਨ ਖਿੱਚਦੀ ਹੈ। ਇਹ ਕਹਾਣੀ ਭਗਵਾਨ ਕੋਰ ਦੇ ਆਲੇ- ਦੁਆਲੇ ਘੁੰਮਦੀ ਹੈ ਜੋ ਕਿ ਵਿਧਵਾ ਹੈ ਅਤੇ ਆਪਣੀ ਬੇਟੀ ਨਾਲ ਭਰਾਵਾਂ ਦੇ ਘਰ ਰਹਿ ਰਹੀ ਹੈ। ਘਰ ਵਿੱਚ ਭਗਵਾਨ ਕੌਰ ਦੀ ਸਥਿਤੀ ਬਹੁਤ ਚੰਗੀ ਨਹੀਂ ਕਿਉਂਕਿ ਭਰਾਵਾਂ ਨੂੰ ਉਸ ਦਾ ਸਕੂਲ ਵਿੱਚ ਨੌਕਰੀ ਕਰਨਾ ਪਸੰਦ ਨਹੀਂ। ਭਗਵਾਨ ਕੌਰ ਅਨੁਸਾਰ ਉਹ ਆਪਣੀ ਬੇਟੀ ਦੇ ਚੰਗੇ ਭਵਿੱਖ ਲਹੀ ਇਹ ਸਭ ਕੁਝ ਕਰ ਰਹੀ ਹੈ। ਉਸ ਦਾ ਭਰਾ ਕਹਿੰਦਾ ਹੈ: ਜਿਥੇ ਤੇਰਾ ਵਿਆਹ ਕੀਤਾ ਸੀ ਉਥੇ ਤੇਰੀ ਧੀ ਦਾ ਕਰ ਦਿਆਂਗੇ। ਜਿੱਥੇ ਇੰਨੇ ਡੰਗਰਾਂ ਦੀ ਰੋਟੀ ਨਿਕਲੀ ਜਾਂਦੀ, ਉੱਥੇ ਸਾਰੀ ਉਮਰ ਤੁਹਾਡੇ ਦੋਹਾਂ ਦੀ ਵੀ ਨਿਕਲਦੀ ਰਹੂ…।”[3]

ਭਗਵਾਨ ਕੌਰ ਦੀ ਭਰਾ ਦੇ ਬੋਲ ਪਿੱਤਰਸੱਤਾ ਵਿਚ ਨਾਰੀ ਦੀ ਨਿਮਨ ਤੇ ਪਸ਼ੂ ਸਥਿਤੀ ਦਾ ਪ੍ਰਗਟਾਵਾਂ ਕਰ ਰਹੇ ਹਨ। ਸਦੀਆਂ ਪਹਿਲਾਂ ਸੰਤ ਤੁਲਸੀਦਾਸ ਵੱਲੋਂ ਪਸ਼ੂ ਤੇ ਨਾਰੀ ਨੂੰ ਇੱਕ ਸਮਾਨ ਆਖਣ ਦੀ ਅਸੀਂ ਵਿਰੋਧਤਾ ਕਰਦੇ ਹਾਂ ਪਰ ਅਜੋਕੇ ਯੁਗ ਵਿਚ ਵੀ ਨਾਰੀ ਦੀ ਤੁਲਨਾ ਡੰਗਰ ਨਾਲ ਕਰਨਾ ਸਾਡੀ ਆਧੁਨਿਕ ਤੇ ਅਗਾਂਹਵਧੂ ਸੋਚ ਅੱਗੇ ਪ੍ਰਸ਼ਨਚਿੰਨ੍ਹ ਲਗਾਉਂਦੀ ਹੈ। ਕਹਾਣੀ ਵਿਚ ਵੱਡੀ ਸਮੱਸਿਆ ਉਦੋਂ ਉਤਪੰਨ ਹੁੰਦੀ ਹੈ ਜਦੋਂ ਅਦਾਲਤ ਭਗਵਾਨ ਕੌਰ ਨੂੰ ਪਿਤਾ ਦੀ ਜਾਇਦਾਦ ਵਿਚੋਂ ਹੱਕ ਲੈਣ ਲਈ ਸੰਮਨ ਭੇਜਦੀ ਹੈ। ਸਾਰੇ ਘਰ ਵਿੱਚ, ਵਿਸ਼ੇਸ਼ ਕਰਕੇ ਭਰਾਵਾਂ ਵਿਚ ਕੁਹਰਾਮ ਮੱਚ ਜਾਂਦਾ ਹੈ। ਭਗਵਾਨ ਕੌਰ ਇਕੱਲੀ ਰਹਿ ਜਾਂਦੀ ਹੈ, ਉਸ ਦੀ ਮਾਂ ਵੀ ਭਰਾਵਾਂ ਦੇ ਹੱਕ ਵਿਚ ਭੁਗਤਦੀ ਨਜ਼ਰ ਆਉਂਦੀ ਹੈ। ਕਹਾਣੀ ਦੇ ਅੰਤ ਵਿੱਚ ਭਗਵਾਨ ਕੌਰ ਨੂੰ ਦੁੱਧ ਵਿੱਚ ਜ਼ਹਿਰ ਪਾ ਕੇ ਦਿੱਤਾ ਜਾਂਦਾ ਹੈ। ਕਾਨੂੰਨ ਅਨੁਸਾਰ ਭਗਵਾਨ ਕੋਰ ਭਰਾਵਾਂ ਵਾਂਗ ਹੀ ਪਿਤਾ ਦੀ ਜਾਇਦਾਦ ਦੀ ਬਰਾਬਰ ਦੀ ਹੱਕਦਾਰ ਹੈ ਪਰ ਸਮਾਜਕ ਵਿਵਸਥਾ ਵਿੱਚ ਉਸਦੀ ਸਥਿਤੀ ਦੂਜੈਲੀ ਹੈ ਜੋ ਉਸਨੂੰ ਮਰਦ ਦੇ ਬਰਾਬਰ ਹੱਕ ਲੈਣ ਤੇ ਵਰਤਣ ਨਹੀਂ ਦਿੰਦੀ। ਜੇ ਨਾਰੀ ਭਗਵਾਨ ਕੌਰ ਵਾਂਗ ਹੱਕ ਮੰਗਣ ਦੀ ਹਿੰਮਤ ਕਰਨਾ ਚਾਹੁੰਦੀ ਹੈ ਤਾਂ ਸਾਡੀ ਵਿਵਸਥਾ ਦੀ ਕੋਸ਼ਿਸ਼ ਉਸ ਨੂੰ ਡਰਾਉਣ, ਧਮਕਾਉਣ ਜਾਂ ਸਦਾ ਲਈ ਖ਼ਾਮੋਸ਼ ਕਰਨ ਦੀ ਹੁੰਦੀ ਹੈ। ਅੱਜ ਵੀ ਮਰਦ, ਔਰਤ ਨੂੰ ਜਾਇਦਾਦ ’ਚੋਂ ਹੱਕ ਦੇਣਾ ਪਸੰਦ ਨਹੀਂ ਕਰਦਾ ਜੇ ਅਜਿਹਾ ਵਾਪਰਦਾ ਹੈ ਤਾਂ ਉਸ ਔਰਤ ਨਾਲੋਂ ਸਾਰੇ ਰਿਸ਼ਤੇ ਤੋੜ ਲਏ ਜਾਂਦੇ ਹਨ।

ਕਹਾਣੀ ਇਕ ਸਵਾਲ ਦੀ ਕੇਂਦਰੀ ਪਾਤਰ ਸਤਿਨਾਮ ਇਕ ਅੱਧਖੜ ਉਮਰ ਦੀ ਨਾਰੀ ਹੈ, ਜੋ ਵਿਦੇਸ਼ ਵਿਚ ਆਪਣੇ ਨੂੰਹ ਪੁੱਤਰ ਕੋਲ ਰਹਿ ਰਹੀ ਹੈ। ਕਹਾਣੀ ਦਾ ਕੇਂਦਰੀ ਸੂਤਰ ਮਦਰਜ਼-ਡੇਅ ਹੈ। ਸਤਿਨਾਮ ਨੂੰ ਪੁੱਤਰ ਤੋਂ ਤੋਹਫੇ ਦੀ ਉਡੀਕ ਹੈ, ਪਰ ਪੁੱਤਰ ਲਈ ਮਾਂ ਘਰੇਲੂ ਕੰਮਕਾਜ ਤੇ ਬੱਚੇ ਸਾਂਭਣ ਵਾਲੀ ਸਹਾਈਕ ਤੋਂ ਵੱਧ ਕੁਝ ਨਹੀਂ। ਅਸਲ ਵਿੱਚ ਪੂੰਜੀਵਾਦੀ

*International Journal of Information Movement* **Vol. 7 Issue X** **(Feb 2023)**
**Website: www.ijim.in** **ISSN: 2456-0553 (online)** **Pages** **60-64**

ਵਿਵਸਥਾ ਵਿਚ ਵਿਚਰਦਿਆਂ ਮਨੁੱਖ ਖ਼ੁਦਗਰਜ਼ ਹੋ ਜਾਂਦਾ ਹੈ। ਹਰ ਵਸਤੂ ਨੂੰ ਲਾਭ ਦੀ ਦ੍ਰਿਸ਼ਟੀ ਤੋਂ ਪਰਖਦਾ ਹੈ। ਪਿੱਤਰਮੁਖੀ ਸੱਤਾ ਦਾ ਪ੍ਰਤੀਨਿਧ ਮਰਦ ਨਾਰੀ ਨੂੰ ਇਸੇ ਨਜ਼ਰੀਏ ਤੋਂ ਵੇਖਦਾ ਤੇ ਵਰਤਦਾ ਹੈ। ਜਿਥੇ ਉਸਨੂੰ ਨਾਰੀ ਦੀ ਲੋੜ ਮਹਿਸੂਸ ਹੁੰਦੀ ਹੈ ਉਥੇ ਉਸ ਦੀ ਭਾਸ਼ਾ ਵਿਚ ਮਿਠਾਸ ਤੇ ਵਿਵਹਾਰ ਵਿਚ ਕੋਮਲਤਾ ਆ ਜਾਂਦੀ ਹੈ; ਜਿਥੇ ਨਹੀਂ ਤਾਂ ਉਥੇ ਵਤੀਰਾ ਰੁੱਖ ਹੋ ਜਾਂਦਾ ਹੈ। ਸੁਖਜੀਤ ਦਾ ਮਾਂ ਤੇ ਪਤਨੀ ਪ੍ਰਤੀ ਵਤੀਰਾ ਵੱਖ- ਵੱਖ ਹੈ ਕਿਉਂਕਿ ਪੂੰਜੀ ਪ੍ਰਾਪਤੀ ਦੀ ਦ੍ਰਿਸ਼ਟੀ ਤੋ ਮਾਂ ਬੁੱਢੀ ਹੋ ਚੁੱਕੀ ਹੈ ਉਸ ਦੀ ਉਪਯੋਗਿਤਾ ਕੱਟ ਰਹੀ ਹੈ, ਪਤਨੀ ਹਾਲੇ ਜੁਆਨ ਹੈ, ਉਸ ਨੇ ਪੂੰਜੀ ਵਿਚ ਵਾਧਾ ਕਰਨ ਲਈ ਸਾਥ ਦੇਣਾ ਹੈ। ਇਸ ਲਈ ਪਤਨੀ ਨੂੰ ਸੋਨੇ ਦਾ ਸੈਂਟ ਮਿਲਦਾ ਹੈ ਤੇ ਮਾਂ ਨੂੰ ਰਾਤ ਦਾ ਖਾਣਾ ਬਣਾਉਣ ਤੋਂ ਛੁੱਟੀ :

ਵੱਡੇ ਮੰਮੀ ਨੂੰ ਸਵੀਟ ਇੰਡੀਆ ਤੇ ਡਿਨਰ ਖੁਆਉਣ ਲੈ ਗਏ ਸੀ। ਉਨਾਂ ਨੂੰ ਰਾਤ ਦੀ ਰੋਟੀ ਨਹੀਂ ਬਣਾਉਣੀ ਪਈ…।”[4]

ਪੱਛਮੀ ਮੁਲਕ, ਪੂਰਬੀ ਮੁਲਕਾਂ ਦੀ ਤੁਲਨਾ ਵਿਚ ਵਿਅਕਤੀਗਤ ਆਜ਼ਾਦ ਤੇ ਮਨੁੱਖੀ ਅਧਿਕਾਰਾਂ ਦੇ ਖੇਤਰ ਵਿਚ ਅਗਾਂਹਵਧੂ ਖਿਆਲ ਕੀਤੇ ਜਾਂਦੇ ਹਨ ਪਰ ਗਰਿਰਾਈ ਵਿਚ ਜਾ ਕੇ ਵੇਖਣ ’ਤੇ ਸਪਸ਼ਟ ਹੁੰਦਾ ਹੈ ਕਿ ਇਹ ਸਭ ਖੋਖਲੇ ਦਾਅਵੇ ਹੀ ਹਨ। ਪੂਰਬ ਹੋਵੇ ਜਾਂ ਪੱਛਮ ਨਾਰੀ ਦੇ ਸਭ ਅਧਿਕਾਰ ਮਰਦ ਤੋਂ ਪਿੱਛੋਂ ਦੇ ਮਰਦ ਦੀ ਇੱਛਾ ਅਨੁਸਾਰ ਹੀ ਹਨ। ਪੂਰਬੀ ਤੇ ਪੱਛਮੀ ਸਮਾਜ ਵਿਚ ਅੰਤਰ ਨਾਰੀ ਨਾਲ ਜੁੜੇ ਵਿਤਕਰੇ ਦੇ ਢੰਗਾਂ ਤੇ ਉਨਾਂ ਦੀ ਗਹਿਰਾਈ ਦਾ ਹੈ। ਐਂਜਲਾ ਦੇ ਕੁਆਰੀ ਮਾਂ ਬਣਨ ਦੀ ਖ਼ਬਰ ਸੁਣ ਕੇ ਜਿਥੇ ਪ੍ਰੇਮੀ ਉਸਦਾ ਤਿਆਗ ਕਰ ਦਿੰਦਾ ਹੈ ਉਥੇ ਮਾਤਾ-ਪਿਤਾ ਵੀ ਉਸ ਕਿਰਿਆ ਨੂੰ ਆਪਣੀ ਇੱਜਤ ਉਪਰ ਦਾਗ਼ ਖ਼ਿਆਲ ਕਰਦੇ ਹਨ:

ਆਪਣੀ ਇਜ਼ਤ ਪਾਕ ਰੱਖਣ ਲਈ ਮੇਰੇ ਮਾਪੇ ਵੀ ਮੈਨੂੰ ਜਬਰਦਸਤੀ ਇਕ ਓਪਰੇ ਸ਼ਹਿਰ ਛੱਡ ਆਏ। ਜਿਥੇ ਮੈਂ ਜਮੀ ਪਲੀ, ਜਿਸ ਵਿਹੜੇ ਵਿਚ ਬਚਪਨ ਦੀਆਂ ਖੇਡਾਂ ਖੇਡ ਮੈਂ ਜਵਾਨ ਹੋਈ ਉਸ ਘਰ ਦਾ ਦਰਵਾਜ਼ਾ ਮੇਰੇ ਵਾਸਤੇ ਹਮੇਸ਼ਾ ਲਈ ਬੰਦ ਕਰ ਦਿੱਤਾ ਗਿਆ।”[5]

ਸੋ ਨਾਰੀ ਭਾਵੇਂ ਆਤੀ-ਵਿਕਸਿਤ ਦੇਸ਼ ਦੀ ਜੰਮਪਲ ਐਂਜਲਾ ਹੋਵੇ, ਭਾਵੇਂ ਹਿੰਦੋਸਤਾਨੀ ਪਰਵਾਸੀ ਵਿਜਯੰਤੀ ਥੋੜ੍ਹੇ ਬਹੁਤ ਅੰਤਰ ਨਾਲ ਉਹ ਇਕੋ ਜਿਹੇ ਹਾਲਾਤਾਂ ਵਿੱਚ ਗੁਜ਼ਰ ਰਹੀਆਂ ਹਨ। Simone de beauvoir ਦੇ ਸ਼ਬਦਾਂ ਵਿੱਚ ਅੱਜ ਦੀ ਨਾਰੀ ਵਿਚਕਾਰਲੀ ਸਥਿਤੀ ਵਿਚ ਹੈ ਮਰਦ ਤੋਂ ਆਰਥਿਕ ਰੂਪ ਵਿਚ ਆਜ਼ਾਦ ਇਹ ਨਾਰੀਆਂ , ਹੁਣ ਵੀ ਮਾਨਸਿਕ,

ਸਮਾਜਕ ਜਾ ਜੈਵਿਕ ਸਥਿਤੀਆਂ ਵਿੱਚ ਪੁਰਸ ਦੇ ਬਰਾਬਰ ਨਹੀਂ ਹੈ।"[6] ਸਾਰ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਲੇਖਕਾ ਨੇ ਨਾਰੀ ਦੀ ਅੰਤਰ-ਸਭਿਆਚਾਰਕ ਪੱਧਰ 'ਤੇ ਸਥਿਤੀ ਨੂੰ ਵੇਖਣ ਦੀ ਚੇਸ਼ਟਾ ਕੀਤੀ ਹੈ।

ਪਰਵਾਸੀ ਪੰਜਾਬੀ ਕਹਾਣੀ ਵਿਚ ਪੱਛਮੀ ਨਾਰੀ ਨੂੰ ਕੇਂਦਰ ਬਿੰਦੂ ਬਣਾ ਕੇ ਲਿਖੀਆਂ ਗਈਆਂ ਕਹਾਣੀਆਂ ਬਹੁਤ ਘੱਟ ਹਨ। ਡਾ. ਹਰਚੰਦ ਸਿੰਘ ਬੇਦੀ ਇਸ ਪ੍ਰਸੰਗ ਵਿੱਚ ਪਰਵਾਸੀ ਗਲਪਕਾਰਾਂ ਉਪਰ ਟਿੱਪਣੀ ਕਰਦੇ ਹੋਏ ਕਹਿੰਦੇ ਹਨ ਕਿ ਪਰਵਾਸੀ ਨੇ ਕਲਮਕਾਰ ਆਪਣੇ ਪਾਤਰਾਂ ਦੀ ਉਸਾਰੀ ਵਧੀਆ ਕਰ ਲੈਂਦੇ ਹਨ ਕਿਉਂਕਿ ਉਹ ਸਾਡੇ ਸਭਿਆਚਾਰਕ ਅਸਤਿਤਵ ਦਾ ਹਿੰਸਾ ਹਨ ਪਰ ਦੂਸਰੀਆਂ ਕੌਮਾਂ ਜਾਂ ਮੂਲ ਸਭਿਆਚਾਰ ਦੇ ਪਾਤਰਾਂ ਨੂੰ ਕੁਝਾਪ ਹੀ ਪ੍ਰਸਤੁਤ ਕਰਦੇ ਹਨ।"6 ਕੁਝ ਕੁ ਗਿਣਤੀ ਦੀਆਂ ਰਚਨਾਵਾਂ ਵਿਚ ਵਿਦੇਸ਼ੀ ਪਾਤਰਾਂ ਨਾਲ ਇਨਸਾਫ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਕਹਾਣੀ ਵਹਿੰਦੇ ਪਾਣੀਆਂ ਤੇ ਪਰਛਾਵੇਂ ਇਸ ਕਹਾਣੀ ਵਿਚ ਸ਼ਾਮਲ ਹੈ। ਐਜਲਾ 55 ਸਾਲ ਦੀ ਕੈਂਸਰ ਪੀੜਿਤ ਕੇਂਦਰ ਪਾਤਰ ਹੈ। ਉਸ ਦੇ ਬੀਤੇ ਜੀਵਨ 'ਤੇ ਝਾਤ ਪਾਉਂਦਿਆਂ ਕਹਾਣੀ ਜਿਥੇ ਪੱਛਮੀ ਸੋਚ ਤੇ ਜੀਵਨ ਢੰਗ ਦੀ ਪੇਸ਼ਕਾਰੀ ਕਰਦੀ ਹੈ, ਉਥੇ ਪੂਰਬੀ ਭਾਸ਼ਾ, ਸਭਿਆਚਾਰ ਤੇ ਵਿਰਸੇ ਨੂੰ ਆਦਰਮਾਣ ਦੇ ਦ੍ਰਿਸ਼ਟੀਕੋਣ ਤੋਂ ਦਰਸਾਉਂਦੀ ਹੈ।

ਮਿੰਨੀ ਗਰੇਵਾਲ ਦੀਆਂ ਕਹਾਣੀਆਂ ਦਾ ਨਾਰੀਵਾਦੀ ਪਰਿਪੇਖ ਤੋਂ ਅਧਿਐਨ ਕਰਨ ਉਪਰੰਤ ਅਸੀਂ ਵੇਖਦੇ ਹਾਂ ਕਿ ਮਿੰਨੀ ਗਰੇਵਾਲ ਨੇ ਨਾਰੀ ਨੂੰ ਮਾਨਵ ਵਾਂਗ ਵੇਖਣ ਦੀ ਖ਼ਾਹਿਸ਼ ਆਪਣੀ ਕਥਾ ਰਚਨਾ ਵਿਚ ਪ੍ਰਸਤੁਤ ਕੀਤੀ ਹੈ। ਉਸ ਦੀਆਂ ਨਾਇਕਾਵਾਂ ਨੂੰ ਇਸ ਤੱਥ ਦਾ ਅਹਿਸਾਸ ਹੈ ਕਿ ਮਰਦ ਨੂੰ ਨਾਰੀ ਦੀ ਸੁਤੰਤਰ ਹੋਂਦ ਪ੍ਰਵਾਨ ਨਹੀਂ ਹੈ ਪਰ ਇਸ ਦੇ ਬਾਵਜੂਦ ਨਾਰੀ ਕੋਸ਼ਿਸ਼ ਕਰਦੀ ਰਹਿੰਦੀ ਹੈ ਭਾਵੇਂ ਉਸ ਦੇ ਵਿਦਰੋਹ ਦੀ ਸੁਰ ਤੀਖਣ ਨਾ ਹੋ ਕੇ ਮੱਧਮ ਹੀ ਰਹਿੰਦੀ ਹੈ।

## ਹਵਾਲੇ ਅਤੇ ਟਿੱਪਣੀਆਂ

1. ਮਿੰਨੀ ਗਰੇਵਾਲ, ਕੈਕਟਸ ਦੇ ਫੁੱਲ ਤੇ ਹੋਰ ਕਹਾਣੀਆਂ, ਪੰਨਾ 9.
2. ਉਹੀ, ਪੰਨਾ 13-14.
3. ਮਿੰਨੀ ਗਰੇਵਾਲ, ਜਾਇਦਾਦ, ਪੰਨਾ 81.
4. ਉਹੀ, ਪੰਨਾ 29.
5. ਚਾਂਦੀ ਦਾ ਗੇਟ, ਪੰਨਾ 76.
6. The second sex, (Trans.) H.M. Parshely, p. 795.
7. 'ਪਰਵਾਸੀ ਪੰਜਾਬੀ ਸਾਹਿਤ: ਵਰਤਮਾਨ ਪਰਿਪੇਖ', ਪਰਵਾਸੀ ਪੰਜਾਬੀ ਸਾਹਿਤ: ਵਰਤਮਾਨ ਪਰਿਪੇਖ, ਰਾਜਵਿੰਦਰ ਕੌਰ ਹੁੰਦਲ ( ਸੰਪਾ), ਪੰਨਾ 37.